# ਡਾਇਰੈਕਟਰ ਜਨਰਲ ਸਕੂਲ ਸਿੱਖਿਆ

## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 104-106, ਦੂਸਰੀ ਮੰਜਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623206, 2623207, 2620106

ਫੈਕਸ:0172-2624687 ਈ-ਮੇਲ: ictpunjab@yahoo.com, ictpunjab1@gmail.com,

## ਜਨਤਕ ਸੂਚਨਾ

**ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ) ਵਲੋਂ ਮਿਤੀ 13-06-2010 ਨੂੰ ਕੰਪਿਊਟਰ ਅਧਿਆਪਕਾਂ ਦੀ ਲਈ ਗਈ ਪ੍ਰੀਖਿਆ ਵਿਚ ਯੋਗ ਪਾਏ ਗਏ ਉਮੀਦਵਾਰਾਂ ਦੀ ਕਾਂਉਸਲਿੰਗ ਕਰਨ ਸਬੰਧੀ।**

ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ) ਵਲੋਂ ਕੰਪਿਊਟਰ ਅਧਿਆਪਕਾਂ ਦੀਆਂ ਪੋਸਟਾਂ ਦੀ ਭਰਤੀ ਕਰਨ ਲਈ ਮਿਤੀ 27-04-2010 ਨੂੰ ਵੱਖ ਵੱਖ ਅਖਬਾਰਾਂ ਵਿਚ ਇਸ਼ਤਿਹਾਰ ਪ੍ਰਕਾਸ਼ਿਤ ਕੀਤਾ ਗਿਆ ਸੀ। ਇਨ੍ਹਾਂ ਪੋਸਟਾਂ ਨੂੰ ਭਰਨ ਲਈ ਪੰਜਾਬ ਰਾਜ ਦੇ 6 ਜਿਲਿਆਂ ਅੰਮ੍ਰਿਤਸਰ, ਬਠਿੰਡਾ, ਜਲੰਧਰ, ਲੁਧਿਆਣਾ, ਸੰਗਰੂਰ ਅਤੇ ਮੁਹਾਲੀ ਵਿਖੇ ਮਿਤੀ 13-06-2010 ਨੂੰ ਲਿਖਤੀ ਪ੍ਰੀਖਿਆ ਦਾ ਸੰਚਾਲਨ ਕੀਤਾ ਗਿਆ ਸੀ। ਉਮੀਦਵਾਰਾਂ ਦਾ ਨਤੀਜਾ ਇਸ ਵਿਭਾਗ ਦੀ ਵੈਬ ਸਾਈਟ ssapunjab.org ਤੇ ਅਪਲੋਡ ਕੀਤਾ ਹੋਇਆ ਹੈ।

ਉਪਰੋਕਤ ਦੇ ਸਬੰਧ ਵਿਚ ਯੋਗ ਪਾਏ ਗਏ ਉਮੀਦਵਾਰ ਜਿਨ੍ਹਾਂ ਨੇ ਉੱਕਤ ਪ੍ਰਕਾਸ਼ਿਤ ਇਸ਼ਤਿਹਾਰ ਦੇ ਸੰਦਰਭ ਵਿਚ ਅਪਲਾਈ ਕੀਤਾ ਸੀ, ਉਨ੍ਹਾਂ ਦੀ ਕਾਂਉਸਲਿੰਗ ਹੇਠ ਲਿਖੇ ਅਨੁਸਾਰ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਹ ਕਾਂਉਸਲਿੰਗ **ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ਼ 3B1, ਐਸ.ਏ.ਐਸ. ਨਗਰ, (ਮੁਹਾਲੀ)** ਵਿਖੇ ਹੇਠ ਦਰਸਾਏ ਪ੍ਰੋਗਰਾਮ ਅਨੁਸਾਰ ਮਿਤੀ 29-06-2010 ਤੋਂ 30-06-2010 ਤੱਕ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਹੋਵੇਗੀ:-

| ਲੜੀ ਨੰ: | ਮਿਤੀ | ਕੈਟੇਗਰੀ | ਮੈਰਿਟ |
|---|---|---|---|
| 1 | 29-06-2010 | ਅਨੁਸੂਚਿਤ ਜਾਤੀ "ਮਜ਼ਬੀ ਅਤੇ ਬਾਲਮੀਕੀ" (102) | 20 ਅੰਕਾਂ ਤੱਕ |
| 2 | 30-06-2010 | ਅਨੁਸੂਚਿਤ ਜਾਤੀ ਸਾਬਕਾ ਫੌਜ਼ੀ (ਖੁਦ) "ਮਜ਼ਬੀ ਅਤੇ ਬਾਲਮੀਕੀ" (104) | -- |
| 3 | 30-06-2010 | ਅਨੁਸੂਚਿਤ ਜਾਤੀ ਸਾਬਕਾ ਫੌਜ਼ੀ ਸੈਲਫ "ਰਮਦਾਸੀਆ ਅਤੇ ਹੋਰ" (105) | 20 ਅੰਕਾਂ ਤੱਕ |
| 4 | 30-06-2010 | ਅਨੁਸੂਚਿਤ ਜਾਤੀ ਸਾਬਕਾ ਫੌਜ਼ੀ ਡਿਪੈਂਡੈਂਟ "ਰਾਮਦਾਸੀਆ ਅਤੇ ਹੋਰ" (107) | 20.5 ਅੰਕਾਂ ਤੱਕ |
| 5 | 30-06-2010 | ਅਨੁਸੂਚਿਤ ਜਾਤੀ ਸਾਬਕਾ ਫੌਜ਼ੀ ਡਿਪੈਂਡੈਂਟ "ਮਜ਼ਬੀ ਅਤੇ ਬਾਲਮੀਕੀ" (106) | |
| 6 | 30-06-2010 | ਅਨੁਸੂਚਿਤ ਜਾਤੀ ਖਿਡਾਰੀ "ਮਜ਼ਬੀ ਅਤੇ ਬਾਲਮੀਕੀ" ਗਰੇਡ-ਏ (108) | -- |
| 7 | 30-06-2010 | ਅਨੁਸੂਚਿਤ ਜਾਤੀ ਖਿਡਾਰੀ "ਰਮਦਾਸੀਆ ਅਤੇ ਹੋਰ" ਗਰੇਡ-ਏ (109) | -- |
| 8 | 30-06-2010 | ਅਨੁਸੂਚਿਤ ਜਾਤੀ ਖਿਡਾਰੀ "ਮਜ਼ਬੀ ਅਤੇ ਬਾਲਮੀਕੀ" ਗਰੇਡ-ਬੀ (110) | -- |
| 9 | 30-06-2010 | ਅਨੁਸੂਚਿਤ ਜਾਤੀ ਖਿਡਾਰੀ "ਰਮਦਾਸੀਆ ਅਤੇ ਹੋਰ" ਗਰੇਡ-ਬੀ (111) | -- |
| 10 | 30-06-2010 | ਪਛੜੀਆਂ ਸ਼੍ਰੇਣੀ ਸਾਬਕਾ ਫੌਜ਼ੀ ਸੈਲਫ (113) | 20 ਅੰਕਾਂ ਤੱਕ |
| 11 | 30-06-2010 | ਪਛੜੀਆਂ ਸ਼੍ਰੇਣੀ ਸਾਬਕਾ ਫੌਜ਼ੀ ਡਿਪੈਂਡੈਂਟ (114) | 20 ਅੰਕਾਂ ਤੱਕ |
| 12 | 30-06-2010 | ਸਾਬਕਾ ਫੌਜ਼ੀ ਖੁੱਦ (115) | 20.25 ਅੰਕਾਂ ਤੱਕ |
| 13 | 30-06-2010 | ਸਾਬਕਾ ਫੌਜ਼ੀ ਡਿਪੈਂਡੈਂਟ (116) | |
| 14 | 30-06-2010 | ਖਿਡਾਰੀ ਗਰੇਡ-ਏ (117) | 20.25 ਅੰਕਾਂ ਤੱਕ |
| 15 | 30-06-2010 | ਖਿਡਾਰੀ ਗਰੇਡ-ਬੀ (118) | |
| 16 | 30-06-2010 | ਆਜ਼ਾਦੀ ਘੁਲਾਟੀਏ ਖੁੱਦ (119) | -- |
| 17 | 30-06-2010 | ਆਜ਼ਾਦੀ ਘੁਲਾਟੀਏ ਪੁੱਤਰ/ਪੁੱਤਰੀ (120) | 20 ਅੰਕਾਂ ਤੱਕ |
| 18 | 30-06-2010 | ਆਜ਼ਾਦੀ ਘੁਲਾਟੀਏ ਪੋਤਰਾ/ਦੋਹਤਰਾ (121) | 23 ਅੰਕਾਂ ਤੱਕ |
| 19 | 30-06-2010 | ਅੰਗਹੀਣ (ਅੰਨ੍ਹੇ) (ਵਿਯੂਅਲੀ) (122) | 22.75 ਅੰਕਾਂ ਤੱਕ |
| 20 | 30-06-2010 | ਅੰਗਹੀਣ (ਹੱਡੀਆਂ) (ਆਰਥੋਪੈਡੀਕਲੀ) (123) | 20 ਅੰਕਾਂ ਤੱਕ |
| 21 | 30-06-2010 | ਅੰਗਹੀਣ (ਹਾਰਡ ਟੂ ਹੀਅਰ) (124) | 20 ਅੰਕਾਂ ਤੱਕ |

ਸਾਰੇ ਯੋਗ ਉਮੀਦਵਾਰ ਜਿਨ੍ਹਾਂ ਦਾ ਵੇਰਵਾ ਉਪਰ ਦਿੱਤਾ ਗਿਆ ਹੈ, ਉਨ੍ਹਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਕਤ ਦਰਸਾਈ ਮਿਤੀ, ਸਮਾਂ ਅਤੇ ਸਥਾਨ ਤੇ ਉੱਕਤ ਦਰਸਾਏ ਅਖਬਾਰਾਂ ਵਿਚ ਪ੍ਰਕਾਸ਼ਿਤ ਇਸ਼ਤਿਹਾਰ ਦੀ ਰੌਸ਼ਨੀ ਦੇ ਮੱਦੇ ਨਜ਼ਰ ਆਪਣੇ ਲੋੜੀਂਦੇ ਅਸਲ ਦਸਤਾਵੇਜਾਂ ਅਤੇ ਉਨ੍ਹਾਂ ਦੀਆਂ ਤਸਦੀਕੀ ਫੋਟੋ ਕਾਪੀਆਂ ਸਮੇਤ ਆਪਣੀਆਂ ਦੋ ਤਸਦੀਕੀ ਫੋਟੋਆਂ ਲੈ ਕੇ ਪਹੁੰਚਣ ਦੀ ਖੇਚਲ ਕਰਨ ਤਾਂ ਜੋ ਉਨ੍ਹਾਂ ਦੇ ਅਸਲ ਦਸਤਾਵੇਜਾਂ ਦੀ ਜਾਂਚ ਪੜਤਾਲ ਕਰਕੇ ਉਨ੍ਹਾਂ ਨੂੰ ਕੰਪਿਊਟਰ ਅਧਿਆਪਕ ਦੀ ਅਸਾਮੀ ਲਈ ਵਿਚਾਰਿਆ ਜਾ ਸਕੇ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਵੀ ਉਮੀਦਵਾਰ ਨਿਰਧਾਰਤ ਵਿਦਿਅਕ ਯੋਗਤਾਵਾਂ ਪੂਰੀਆ ਨਹੀ ਕਰਦਾ ਹੋਵੇਗਾ ਜਾਂ ਉਸ ਦੇ ਦਸਤਾਵੇਜ ਸਹੀ ਨਹੀਂ ਹੋਣਗੇ ਅਤੇ ਵਿਗਿਆਪਤ ਇਸ਼ਤਿਹਾਰ ਅਨੁਸਾਰ ਕੰਪਿਊਟਰ ਅਧਿਆਪਕ ਦੀ ਅਸਾਮੀ ਲਈ ਟਰਮਜ਼ ਅਤੇ ਕੰਡੀਸ਼ਜ਼ ਅਨੁਸਾਰ ਯੋਗ ਨਹੀਂ ਪਾਇਆ ਜਾਵੇਗਾ, ਉਸ ਨੂੰ ਨਿਯੁਕਤੀ ਲਈ ਵਿਚਾਰਿਆ ਨਹੀਂ ਜਾਵੇਗਾ ਅਤੇ ਉਸ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

**ਨੋਟ:** ਜੋ ਉਮੀਦਵਾਰ ਉਕਤ ਦਰਸਾਈ ਮਿਤੀ, ਸਮਾਂ ਅਤੇ ਸਥਾਨ ਤੇ ਕਾਂਉਸਲਿੰਗ ਲਈ ਹਾਜਰ ਨਹੀਂ ਹੋਵੇਗਾ ਉਸ ਦਾ ਕਲੇਮ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ਨੂੰ ਬਾਅਦ ਵਿਚ ਕੰਪਿਊਟਰ ਅਧਿਆਪਕ ਦੀ ਅਸਾਮੀ ਲਈ ਵਿਚਾਰਿਆ ਨਹੀਂ ਜਾਵੇਗਾ ਅਤੇ ਸੀਟ ਮੈਰਿਟ ਦੇ ਅਧਾਰ ਤੇ ਅਗਲੇ ਉਮੀਦਵਾਰ ਨੂੰ ਦੇ ਦਿੱਤੀ ਜਾਵੇਗੀ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਪੰਜਾਬ ਆਈ.ਸੀ.ਟੀ, ਐਜੂਕੇਸ਼ਨ ਸੁਸਾਇਟੀ**
**ਪੰਜਾਬ, ਚੰਡੀਗੜ।**